# PRESS NOTE

***ਜਿਲ੍ਹਾ ਪੁਲਿਸ ਫਿਰੋਜ਼ਪੁਰ ਵੱਲੋਂ ਨਸ਼ਿਆ ਖਿਲਾਫ ਜ਼ਾਰੀ ਮੁਹਿੰਮ ਤਹਿਤ 01 ਨਸ਼ਾ ਤਸਕਰ ਨੂੰ ਕਾਬੂ ਕਰਕੇ, ਉਸ ਪਾਸੋਂ 50025 ਨਸ਼ੀਲੀਆ ਗੋਲੀਆ ਬ੍ਰਾਮਦ ਕੀਤੀਆ ਗਈਆ***

**ਫਿਰੋਜ਼ਪੁਰ : 25 ਫਰਵਰੀ, 2023**

ਸ਼੍ਰੀਮਤੀ ਕੰਵਰਦੀਪ ਕੌਰ ਆਈ.ਪੀ.ਐਸ., ਸੀਨੀਅਰ ਕਪਤਾਨ ਪੁਲਿਸ, ਫਿਰੋਜ਼ਪੁਰ ਜੀ ਵੱਲੋਂ ਪ੍ਰੈਸ ਨੂੰ ਸੰਬੋਧਨ ਕਰਦਿਆ ਦੱਸਿਆ ਗਿਆ ਕਿ ਨਸ਼ਾ ਤਸਕਰਾਂ ਅਤੇ ਹੋਰ ਸਮਾਜ ਵਿਰੋਧੀ ਅਨਸਰਾਂ ਨੂੰ ਠੱਲ ਪਾਉਣ ਲਈ ਜਿਲ੍ਹਾ ਪੁਲਿਸ ਵੱਲੋਂ ਗੰਭੀਰਤਾ ਨਾਲ ਕਾਰਵਾਈ ਕੀਤੀ ਜਾ ਰਹੀ ਹੈ; ਇਸ ਲੜੀ ਵਿੱਚ ਜਿਲ੍ਹਾ ਪੁਲਿਸ ਦੁਆਰਾ ਜਿਲ੍ਹਾ ਦੇ ਸਮੂਹ ਗਜ਼ਟਡ ਪੁਲਿਸ ਅਧਿਕਾਰੀਆ ਦੀ ਨਿਗਰਾਨੀ ਹੇਠ ਸਪੈਸ਼ਲ ਟੀਮਾਂ ਬਣਾਈਆ ਗਈਆ ਹਨ, ਜੋ ਮੁਸ਼ਤੈਦੀ ਨਾਲ ਪੂਰੇ ਏਰੀਆ ਅੰਦਰ ਮਾੜੇ ਅੰਨਸਰਾਂ ਖਿਲਾਫ ਕਾਰਵਾਈ ਕਰ ਰਹੀਆ ਹਨ।

ਇਸ ਮੁਹਿੰਮ ਤਹਿਤ ਸ਼੍ਰੀ ਰਣਧੀਰ ਕੁਮਾਰ ਆਈ.ਪੀ.ਐੱਸ., ਕਪਤਾਨ ਪੁਲਿਸ (ਇੰਨਵ:) ਫਿਰੋਜ਼ਪੁਰ ਅਤੇ ਸ਼੍ਰੀ ਫਤਿਹ ਸਿੰਘ ਬਰਾੜ ਪੀ.ਪੀ.ਐਸ., ਉਪ ਕਪਤਾਨ ਪੁਲਿਸ (ਡੀ) ਫਿਰੋਜ਼ਪੁਰ ਦੀ ਨਿਗਰਾਨੀ ਹੇਠ ਇੰਸ: ਹਰਪ੍ਰੀਤ ਸਿੰਘ ਇੰਚਾਰਜ਼ ਸੀ.ਆਈ.ਏ. ਸਟਾਫ ਫਿਰੋਜ਼ਪੁਰ ਦੀ ਅਗਵਾਈ ਵਿੱਚ ਕੰਮ ਕਰ ਰਹੀ ਐਸ.ਆਈ. ਮੰਗਲ ਸਿੰਘ ਸੀ.ਆਈ.ਏ. ਸਟਾਫ ਫਿਰੋਜ਼ਪੁਰ ਦੀ ਟੀਮ ਨੂੰ ਮਿਤੀ 24-02-2023 ਨੂੰ ਦੌਰਾਨੇ ਗਸ਼ਤ ਗੁਪਤ ਸੂਤਰਾ ਤੋਂ ਇਤਲਾਹ ਮਿਲੀ ਕਿ ਜੱਜ ਸਿੰਘ ਪੁੱਤਰ ਗੁਰਨਾਮ ਸਿੰਘ ਵਾਸੀ ਬਸਤੀ ਸ਼ਹੀਦ ਜਰਨੈਲ ਸਿੰਘ ਪਿੰਡ ਚੱਕ ਘੁਬਾਈ ਉਰਫ ਤਰਾਂਵਾਲੀ ਥਾਣਾ ਮਮਦੋਟ ਜਿਲ੍ਹਾ ਫਿਰੋਜ਼ਪੁਰ; ਨਸ਼ੀਲੀਆਂ ਗੋਲੀਆਂ ਵੇਚਣ ਦਾ ਧੰਦਾ ਕਰਦਾ ਹੈ, ਜੋ ਪਿੰਡ ਜੋਧਪੁਰ ਨੂੰ ਜਾਂਦੇ ਲਿੰਕ ਰੋਡ ਪਰ ਪੈਂਦੇ ਪੁਲ ਸੂਆ ਦੇ ਚੜਦੇ ਪਾਸੇ ਪੱਟੜੀ ਪਰ ਭਾਰੀ ਮਾਤਰਾ ਵਿੱਚ ਨਸ਼ੀਲੀਆਂ ਗੋਲੀਆਂ ਰੱਖ ਕੇ ਵੇਚਣ ਲਈ ਗਾਹਕਾਂ ਦਾ ਇੰਤਜਾਰ ਕਰ ਰਿਹਾ ਹੈ। ਜੇਕਰ ਰੇਡ ਕੀਤੀ ਜਾਵੇ ਤਾਂ ਉਹ ਭਾਰੀ ਮਾਤਰਾ ਵਿਚ ਨਸ਼ੀਲੀਆਂ ਗੋਲੀਆਂ ਸਮੇਤ ਰੰਗੇ ਹੱਥੀਂ ਕਾਬੂ ਕੀਤਾ ਜਾ ਸਕਦਾ ਹੈ। ਜਿਸ ਤੇ ਐਸ.ਆਈ. ਮੰਗਲ ਸਿੰਘ ਨੇ ਕਾਰਵਾਈ ਕਰਦਿਆ ਉਕਤ ਜੱਜ ਸਿੰਘ ਦੇ ਖਿਲਾਫ ਮੁਕੱਦਮਾ ਨੰਬਰ 29 ਮਿਤੀ 24-02-2023 ਅ/ਧ 22 ਐਨ.ਡੀ.ਪੀ.ਐਸ. ਐਕਟ ਥਾਣਾ ਮਮਦੋਟ ਦਰਜ ਕਰਵਾ ਕੇ ਸਾਥੀ ਕਰਮਚਾਰੀਆਂ ਦੀ ਮੱਦਦ ਨਾਲ ਮੁਖਬਰ ਦੀ ਦੱਸੀ ਜਗਾ ਪਿੰਡ ਜੋਧਪੁਰ ਨੂੰ ਜਾਂਦੇ ਲਿੰਕ ਰੋਡ ਪਰ ਪੁਲ ਸੂਆ ਤੋਂ ਉਕਤ ਦੋਸ਼ੀ ਜੱਜ ਸਿੰਘ ਨੂੰ ਕਾਬੂ ਕੀਤਾ ਗਿਆ, ਜਿਸ ਪਾਸੋਂ ਜਾਬਤਾ ਅਨੁਸਾਰ ਤਲਾਸ਼ੀ ਕਰਨ ਤੇ 50025 ਨਸ਼ੀਲੀਆ ਗੋਲੀਆ (Alprazolam TABLETS 24525 and Tramadol TABLETS 25500) ਬ੍ਰਾਮਦ ਹੋਈਆ। ਦੋਸ਼ੀ ਨੂੰ ਅੱਜ ਪੇਸ਼ ਅਦਾਲਤ ਕਰਕੇ ਪੁਲਿਸ ਰਿਮਾਂਡ ਹਾਸਲ ਕੀਤਾ ਜਾਵੇਗਾ ਅਤੇ ਹੋਰ ਗੰਭੀਰਤਾ ਨਾਲ ਪੁੱਛ-ਗਿੱਛ ਕਰਕੇ ਨਸ਼ੇ ਦੇ ਸੋਰਸ ਤੇ ਪਹੁੰਚ ਦੇ ਟਿਕਾਣਿਆ ਉਤੇ ਇਸ ਵਿੱਚ ਸ਼ਾਮਲ ਵਿਅਕਤੀਆ ਦਾ ਪਤਾ ਲਗਾ ਕੇ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

**ਮੁਕੱਦਮਾ ਨੰਬਰ 29 ਮਿਤੀ 24-02-2023 ਅ/ਧ 22 ਐੱਨ.ਡੀ.ਪੀ.ਐੱਸ. ਐਕਟ ਥਾਣਾ ਮਮਦੋਟ**

**ਦੋਸ਼ੀ :** ਜੱਜ ਸਿੰਘ ਪੁੱਤਰ ਗੁਰਨਾਮ ਸਿੰਘ ਵਾਸੀ ਬਸਤੀ ਸ਼ਹੀਦ ਜਰਨੈਲ ਸਿੰਘ ਪਿੰਡ ਚੱਕ ਘੁਬਾਈ ਉਰਫ ਤਰਾਂਵਾਲੀ ਥਾਣਾ ਮਮਦੋਟ ਜਿਲ੍ਹਾ ਫਿਰੋਜ਼ਪੁਰ। {**ਗ੍ਰਿਫ: 24-02-2023**}

**ਬ੍ਰਾਮਦਗੀ :** 50025 ਨਸ਼ੀਲੀਆ ਗੋਲੀਆ (Alprazolam TABLETS 24525 and Tramadol TABLETS 25500)

**ਮੁਖਬਰੀ ਦਾ ਵਕੂਆ:-** ਬੱਸ ਅੱਡਾ ਪਿੰਡ ਤਰਾਂਵਾਲੀ

**ਗ੍ਰਿਫਤਾਰੀ ਦਾ ਵਕੂਆ:-** ਪਿੰਡ ਜੋਧਪੁਰ ਨੂੰ ਜਾਂਦੇ ਲਿੰਕ ਰੋਡ ਪਰ ਪੈਂਦੇ ਪੁਲ ਸੂਆ ਦੇ ਚੜਦੇ ਪਾਸੇ ਪੱਟੜੀ ਪਰ

ਇਸੇ ਤਰਾਂ ਸੀ.ਆਈ.ਏ. ਫਿਰੋਜ਼ਪੁਰ ਦੀ ਇੱਕ ਹੋਰ ਟੀਮ ਵੱਲੋਂ ਪਹਿਲਾਂ ਵੀ ਇੱਕ ਵੱਡੀ ਰਿਕਵਰੀ ਕੀਤੀ ਗਈ ਹੈ, ਜਿਸ ਦਾ ਵੇਰਵਾ ਇਸ ਪ੍ਰਕਾਰ ਹੈ :

| ਮੁਕੱਦਮਾ ਨੰਬਰ | ਦੋਸ਼ੀਆਨ | ਬ੍ਰਾਮਦਗੀ |
|---|---|---|
| ਮੁ:ਨੰ: 11 ਮਿਤੀ 01-02-2023 ਅ/ਧ 22 ਐੱਨ.ਡੀ.ਪੀ.ਐੱਸ. ਐਕਟ ਥਾਣਾ ਗੁਰੂਹਰਸਹਾਏ | ਮਲਕੀਤ ਸਿੰਘ ਪੁੱਤਰ ਬੰਤਾ ਸਿੰਘ ਵਾਸੀ ਪਿੰਡ ਤ੍ਰਿਪਾਲ ਕੇ, ਥਾਣਾ ਅਮੀਰ ਖਾਸ, ਜਿਲ੍ਹਾ ਫਾਜਿਲਕਾ। | 10,000 ਨਸ਼ੀਲੀਆ ਗੋਲੀਆ |